੩. ਪੈਰਾ ਪੜ੍ਹੋ:

ਗੁਰੂ ਜੀ ਅਤੇ ਭਾਈ ਬਾਲਾ ਨੇੜੇ ਦੇ ਪਿੰਡ ਗਏ। ਉਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਕੇ ਲੈ ਆਏ।ਉਹ ਭੋਜਨ ਉਨ੍ਹਾਂ ਸਾਰੇ ਸਾਧਾਂ ਨੂੰ ਵਰਤਾ ਦਿੱਤਾ। ਸਾਧਾਂ ਦੇ ਆਗੂ ਪਾਸੋਂ ਆਗਿਆ ਲੈ ਕੇ, ਖਾਲੀ ਹੱਥ, ਦੋਵੇਂ ਤਲਵੰਡੀ ਨੂੰ ਵਾਪਸ ਆ ਗਏ।ਉਹ ਦੋਵੇਂ ਜਦੋਂ ਪਿੰਡ ਦੇ ਨੇੜੇ ਪਹੁੰਚੇ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਭਾਈ ਬਾਲਿਆ, ਤੂੰ ਇਕੱਲ਼ਾ ਹੀ ਪਿੰਡ ਨੂੰ ਚਲਿਆ ਜਾ।ਮੈਂ ਇਸ ਖੂਹ ਉੱਪਰ ਬੈਠਾਂਗਾ"। ਭਾਈ ਬਾਲੇ ਨੇ ਪਿੰਡ ਜਾ ਕੇ ਸਾਰੀ ਕਹਾਣੀ ਮਹਿਤਾ ਕਾਲੂ ਨੂੰ ਦੱਸ ਦਿੱਤੀ। ਮਹਿਤਾ ਕਾਲੂ ਨੂੰ ਗੁਰੂ ਜੀ ਦੇ ਇਸ ਤਰਾਂ ਸਾਧਾਂ ਨੂੰ ਪੈਸੇ ਲੁਟਾਉਣ ਉੱਪਰ ਬਹੁਤ ਗੁੱਸਾ ਆਇਆ। ਉਨ੍ਹਾਂ ਸਾਰੇ ਕੰਮ ਛੱਡ ਕੇ ਭਾਈ ਬਾਲੇ ਨੂੰ ਨਾਲ ਲਿਆ ਅਤੇ ਖੂਹ ਵੱਲ ਤੁਰ ਪਏ। ਉੱਥੇ ਪੁੱਜ ਕੇ ਉਨ੍ਹਾਂ ਗੁਰੂ ਜੀ ਨੂੰ ਫੜ ਕੇ ਦੋ ਚਾਰ ਚਪੇੜਾਂ ਟਿਕਾ ਦਿੱਤੀਆਂ।ਭਾਈ ਬਾਲਾ ਉਸ ਵੇਲੇ ਵੀ ਕਹਿ ਰਿਹਾ ਸੀ, "ਮਹਿਤਾ ਜੀ, ਤੁਸੀਂ ਸਾਨੂੰ ਸੱਚਾ ਸੌਦਾ ਕਰ ਕੇ ਆਉਣ ਲਈ ਕਿਹਾ ਸੀ, ਤੁਸੀਂ ਭਾਵੇਂ ਮੰਨੋ ਜਾਂ ਨਾ , ਗੁਰੂ ਜੀ ਨੇ ਸੱਚਾ ਸੌਦਾ ਹੀ ਕੀਤਾ ਹੈ"। ਮਹਿਤਾ ਕਾਲੂ ਲਈ ਧਨ ਇਕੱਠਾ ਕਰਨਾ ਹੀ ਸੱਚਾ ਸੌਦਾ ਸੀ।

ਹੁਣ ਪ੍ਰਸ਼ਨਾਂ ਦੇ ਉੱਤਰ ਲਿੱਖੋ:

੧. ਗੁਰੂ ਜੀ ਅਤੇ ਭਾਈ ਬਾਲਾ ਕਿੱਥੇ ਗਏ?

੨. ਉਨ੍ਹਾਂ ਪੈਸਿਆਂ ਦਾ ਕੀ ਤਿਆਰ ਕਰਵਾ ਕੇ ਲੈ ਆਏ?

੩. ਉਸ ਭੋਜਨ ਦਾ ਕੀ ਕੀਤਾ?

੪. ਮਹਿਤਾ ਕਾਲੂ ਨੂੰ ਗੁਰੂ ਜੀ ਤੇ ਗੁੱਸਾ ਕਿਉਂ ਆਇਆ?

੫. ਮਹਿਤਾ ਕਾਲੂ ਲਈ ਸੱਚਾ ਸੌਦਾ ਕਿਹੜਾ ਸੀ?

੬. ਗੁਰੂ ਜੀ ਲਈ ਸੱਚਾ ਸੌਦਾ ਕਿਹੜਾ ਸੀ?

੭. ਸ਼ਬਦਾਂ ਦੇ ਅਰਥ ਲਿੱਖੋ ਅਤੇ ਵਾਕ ਬਣਾਓ

੧. ਆਗੂ
੨. ਸੌਦਾ
੩. ਸੱਚਾ
੪. ਧਨ
੫. ਇਕੱਲਾ